# First India-Australia 2+2 Ministerial Dialogue

September 09, 2021

……………………………………………………………………………………………………………..

## ਭਾਰਤ-ਆਸਟ੍ਰੇਲੀਆ ਦਰਮਿਆਨ ਪਹਿਲਾ 2+2 ਮੰਤਰੀ ਪੱਧਰੀ ਸੰਵਾਦ

9 ਸਤੰਬਰ, 2021

ਭਾਰਤ 11 ਸਤੰਬਰ, 2021 ਨੂੰ ਨਵੀਂ ਦਿੱਲੀ ਵਿੱਚ ਪਹਿਲੇ ਭਾਰਤ-ਆਸਟਰੇਲੀਆ 2+2 ਮੰਤਰੀ ਪੱਧਰੀ ਸੰਵਾਦ ਦੀ ਮੇਜ਼ਬਾਨੀ ਕਰੇਗਾ। ਆਸਟ੍ਰੇਲੀਆ ਦੇ ਵਿਦੇਸ਼ ਮੰਤਰੀ ਮਹਾਮਹਿਮ ਸ਼੍ਰੀਮਤੀ ਮਾਰੀਸ ਪੇਨੇ ਅਤੇ ਰੱਖਿਆ ਮੰਤਰੀ ਮਹਾਮਹਿਮ ਸ਼੍ਰੀ ਪੀਟਰ ਡਟਨ ਇਸ ਸੰਵਾਦ ਵਿੱਚ ਹਿੱਸਾ ਲੈਣ ਲਈ 10-12 ਸਤੰਬਰ, 2021 ਨੂੰ ਭਾਰਤ ਆਉਣਗੇ। ਭਾਰਤ ਵੱਲੋਂ ਰੱਖਿਆ ਮੰਤਰੀ ਸ਼੍ਰੀ ਰਾਜਨਾਥ ਸਿੰਘ ਅਤੇ ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਵਫ਼ਦ ਦੀ ਅਗਵਾਈ ਕਰਨਗੇ, ਜਿਸ ਵਿੱਚ ਰੱਖਿਆ ਅਤੇ ਵਿਦੇਸ਼ ਮੰਤਰਾਲਿਆਂ ਦੇ ਅਧਿਕਾਰੀ ਸ਼ਾਮਲ ਹੋਣਗੇ।

ਪਹਿਲਾ 2+2 ਮੰਤਰੀ ਪੱਧਰੀ ਸੰਵਾਦ 4 ਜੂਨ, 2020 ਨੂੰ ਆਗੂ ਵਰਚੁਅਲ ਸਿਖ਼ਰ ਸੰਮੇਲਨ ਦੌਰਾਨ ਭਾਰਤ-ਆਸਟਰੇਲੀਆ ਦੇ ਦੁਵੱਲੇ ਸਬੰਧਾਂ ਨੂੰ ਵਾਧਾ ਦੇ ਕੇ ਵਿਆਪਕ ਰਣਨੀਤਕ ਸਾਂਝੇਦਾਰੀ ਬਣਾਉਣ ਦੀ ਪਾਲਣਾ ਵਜੋਂ ਹੋ ਰਿਹਾ ਹੈ। ਇਸ ਗੱਲਬਾਤ ਦੇ ਏਜੰਡੇ ਅੰਦਰ ਆਪਸੀ ਹਿਤਾਂ ਦੇ ਵੱਖ ਵੱਖ ਦੁਵੱਲੇ, ਖੇਤਰੀ ਅਤੇ ਆਲਮੀ ਮੁੱਦੇ ਸ਼ਾਮਲ ਹੋਣਗੇ।

ਨਵੀਂ ਦਿੱਲੀ
9 ਸਤੰਬਰ, 2021

DISCLAIMER: This is an approximate translation. The original is available in English on MEA's website and may be referred to as the official press release.